BC TRANSPLANT
Provincial Health Services Authority

# ਇਪੋਏਟਿਨ ਐਲਫ਼ਾ/ਡਾਰਬੇਪੋਏਟਿਨ EPOETIN ALFA / DARBEPOETIN

- ਇਪੋਏਟਿਨ ਐਲਫ਼ਾ ਨੂੰ ਇਪਰੈਕਸ® ਕਰ ਕੇ ਅਤੇ; ਡਾਰਬੇਪੋਏਟਿਨ ਨੂੰ ਆਰਨੇਸਪ® ਕਰ ਕੇ ਵੀ ਜਾਣਿਆ ਜਾਂਦਾ ਹੈ।
- ਵੱਖ ਵੱਖ ਸ਼ਕਤੀ ਦੀਆਂ ਟੀਕੇ ਲਈ ਭਰੀਆਂ ਹੋਈਆਂ ਸਰਿੰਜਾਂ ਮਿਲਦੀਆਂ ਹਨ।

## ਇਹ ਦਵਾਈ ਕਿਹੋ ਜਿਹੀ ਨਜ਼ਰ ਆਉਂਦੀ ਹੈ? What does the medication look like?

**ਇਪੋਏਟਿਨ ਐਲਫ਼ਾ**




**ਡਾਰਬੇਪੋਏਟਿਨ**




## ਇਹ ਦਵਾਈ ਕਿਸ ਲਈ ਹੈ? What is this medication for?

ਐਰੀਥਰੋਪੋਏਟਿਨ (ਈਪੀਓ) ਤੁਹਾਡੀਆਂ ਹੱਡੀਆਂ ਦੇ ਮੱਜੇ (ਗੁੱਦੇ) ਨੂੰ ਦਸਦੀ ਹੈ ਕਿ ਜ਼ਿਆਦਾ ਲਾਲ ਸੈੱਲ (ਕਣ) ਬਣਾਓ। ਕਈ ਵਾਰ ਤੁਹਾਡੇ ਗੁਰਦੇ ਲਾਲ ਸੈੱਲ ਬਣਾਉਣ ਲਈ ਕਾਫੀ ਈਪੀਓ ਨਹੀਂ ਬਣਾਉਂਦੇ। ਤੁਸੀਂ ਥਕਾਵਟ, ਕਮਜ਼ੋਰੀ ਮਹਿਸੂਸ ਕਰਦੇ ਹੋ ਅਤੇ ਹੋ ਸਕਦਾ ਹੈ ਕਿ ਤੁਹਾਡਾ ਸਾਹ ਫੁਲੇ। ਇਪੋਏਟਿਨ ਅਤੇ ਡਾਰਬੇਪੋਏਟਿਨ ਦੇ ਟੀਕੇ ਈਪੀਓ ਦੀ ਜਗ੍ਹਾ ਲੈਂਦੇ ਹਨ ਜੋ ਤੁਹਾਡੇ ਗੁਰਦੇ ਨਹੀਂ ਬਣਾ ਰਹੇ ਅਤੇ ਇਹ ਟੀਕੇ ਤੁਹਾਡੇ ਖ਼ੂਨ ਵਿਚ ਲਾਲ ਸੈੱਲਾਂ ਦਾ ਵਾਧਾ ਕਰਦੇ ਹਨ। ਜਦੋਂ ਤੁਹਾਡੇ ਸਰੀਰ ਵਿਚ ਕਾਫੀ ਈਪੀਓ ਹੋਏਗਾ ਤਾਂ ਤੁਸੀਂ ਘੱਟ ਥਕਾਨ ਮਹਿਸੂਸ ਕਰੋਗੇ।

## ਮੈਂ ਇਹ ਦਵਾਈ ਕਿਵੇਂ ਲਵਾਂ? How should I take this medication?

ਤੁਹਾਡੀ ਹੋਮੋਗਲੋਬਿਨ ਦਾ ਮਾਪ ਇਹ ਦਸਦਾ ਹੈ ਕਿ ਤੁਹਾਨੂੰ ਕਿੰਨੀ ਈਪੀਓ ਦੀ ਜ਼ਰੂਰਤ ਹੈ। ਲਾਲ ਕਣਾਂ ਵਿਚ ਇਹ ਪਦਾਰਥ ਆਕਸੀਜਨ ਨੂੰ ਲੈ ਕੇ ਜਾਣ ਦਾ ਕੰਮ ਕਰਦਾ ਹੈ। ਹੋਮੋਗਲੋਬਿਨ ਦਾ ਆਮ ਸਤਰ 110–125 ਗ੍ਰਾਮ/ਲਿਟਰ ਹੁੰਦਾ ਹੈ।

| | |
|---|---|
| ਇਪੋਏਟਿਨ ਲਈ: ਇਸ ਦਵਾਈ ਦਾ ਟੀਕਾ **ਹਫ਼ਤੇ ਵਿਚ ਇੱਕ ਵਾਰ** ਲਗਾਇਆ ਜਾਂਦਾ ਹੈ। (ਮਿਸਾਲ ਲਈ ਹਰ ਐਤਵਾਰ) | ਤੁਹਾਡੀ ਦਵਾਈ ਲੈਣ ਦਾ ਦਿਨ: ________________________ |
| ਡਾਰਬੇਪੋਏਟਿਨ ਲਈ: ਇਸ ਦਵਾਈ ਦਾ ਟੀਕਾ **ਇੱਕ ਹਫ਼ਤੇ ਬਾਅਦ ਜਾਂ ਦੋ ਹਫ਼ਤੇ ਬਾਅਦ** ਲਗਾਇਆ ਜਾਂਦਾ ਹੈ। (ਮਿਸਾਲ ਲਈ ਹਰ ਐਤਵਾਰ) | ਤੁਹਾਡੀ ਦਵਾਈ ਲੈਣ ਦਾ ਦਿਨ: ________________________ |

- ਇਪੋਏਟਿਨ ਜਾਂ ਡਾਰਬੇਪੋਏਟਿਨ ਨੂੰ ਨਾੜ ਵਿਚ ਜਾਂ ਚਮੜੀ ਥੱਲੇ ਲਗਾਇਆ ਜਾ ਸਕਦਾ ਹੈ। ਤੁਹਾਡੀ ਕਲੀਨਿਕ ਵਾਲੀ ਨਰਸ ਤੁਹਾਨੂੰ ਦਿਖਾਏਗੀ ਕਿ ਘਰ ਵਿਚ ਚਮੜੀ ਥੱਲੇ ਟੀਕਾ ਕਿਵੇਂ ਲਗਾਉਣਾ ਹੈ।
- ਇਹ ਸੁਨਿਸ਼ਚਿਤ ਕਰੋ ਕਿ ਤੁਹਾਡੇ ਵਿਚ ਕਾਫੀ ਲੋਹਾ ਅਤੇ ਫ਼ੋਲਿਕ ਐਸਿਡ ਹੈ ਜੋ ਤੁਹਾਡੇ ਸਰੀਰ ਨੂੰ ਈਪੀਓ ਦੀ ਚੰਗੀ ਵਰਤੋਂ ਕਰਨ ਵਿਚ ਮਦਦ ਕਰਨਗੇ।

## ਖ਼ੁਰਾਕ ਭੁੱਲ ਗਏ ਜਾਂ ਖ਼ੁਰਾਕ ਉਲਟੀ ਕਰ ਦਿੱਤੀ: Missed Dose or Vomited Dose:

**ਜੇ ਤੁਸੀਂ 1–2 ਦਿਨਾਂ ਲਈ ਖ਼ੁਰਾਕ ਲੈਣੀ ਭੁੱਲ ਜਾਓ** ਤਾਂ ਜਦੋਂ ਯਾਦ ਆਵੇ ਦਵਾਈ ਲੈ ਲਵੋ ਅਤੇ ਅਗਲੀ ਖ਼ੁਰਾਕ ਆਪਣੇ ਰੈਗੁਲਰ ਸਮੇਂ ਤੇ ਲਵੋ। ਪਰ ਜੇ ਤੁਸੀਂ 3 ਜਾਂ ਜ਼ਿਆਦਾ ਦਿਨ ਲੇਟ ਹੋ ਤਾਂ ਜਦੋਂ ਯਾਦ ਆਵੇ ਦਵਾਈ ਲੈ ਲਵੋ ਅਤੇ ਅਗਲੀ ਖ਼ੁਰਾਕ ਲੈਣ ਦਾ ਦਿਨ ਉਸੇ ਦਿਨ ਅਨੁਸਾਰ ਬਦਲ ਲਵੋ। ਦੁਗਣੀ ਦਵਾਈ ਜਾਂ ਇੱਕ ਵਾਧੂ ਖ਼ੁਰਾਕ ਨਾ ਲਵੋ।

ਜੇ ਤੁਸੀਂ ਟੀਕਾ ਲਗਵਾਉਣ ਕਲੀਨਿਕ ਜਾਣਾ ਹੈ ਤਾਂ ਇਹ ਮਹੱਤਵਪੂਰਨ ਹੈ ਕਿ ਤੁਸੀਂ ਆਪਣੇ ਰੈਗੁਲਰ ਦਿਨ ਤੇ ਜਾਓ ਨਾ ਕਿ ਭੁੱਲੇ ਹੋਏ ਦਿਨ ਤੇ। ਜੇ ਤੁਸੀਂ ਟੀਕਾ ਭੁੱਲ ਗਏ ਤਾਂ ਤੁਸੀਂ ਠੀਕ ਮਹਿਸੂਸ ਨਹੀਂ ਕਰੋਗੇ ਅਤੇ ਭੁੱਲੀ ਹੋਈ ਖ਼ੁਰਾਕ ਨੂੰ ਵਾਧੂ ਖ਼ੁਰਾਕ "ਪੂਰਾ" ਨਹੀਂ ਕਰੇਗੀ। ਜੇ ਤੁਸੀਂ ਮੁਲਾਕਾਤ ਤੇ ਨਹੀਂ ਜਾ ਸਕਦੇ ਤਾਂ ਕਲੀਨਿਕ ਦੀ ਨਰਸ ਨਾਲ ਟੀਕੇ ਲਗਾਉਣ ਲਈ ਬੰਦੋਬਸਤ ਕਰ ਲਵੋ।

## ਇਸ ਦਵਾਈ ਦੇ ਸੰਭਾਵਿਤ ਬੁਰੇ ਪ੍ਰਭਾਵ ਕੀ ਹਨ? What are some possible side effects of this medication?

| *ਬੁਰੇ ਪ੍ਰਭਾਵ Side Effect* | **ਇਲਾਜ Management** |
|---|---|
| **ਟੀਕੇ ਵਾਲੀ ਥਾਂ ਤੇ ਜਲਣ/ਖ਼ਾਰਸ਼** | ਤੁਹਾਡੇ ਡਾਕਟਰ ਵੱਲੋਂ ਕਾਊਂਟਰ ਤੇ ਮਿਲਣ ਵਾਲੀ ਦਰਦ ਨਿਵਾਰਕ ਜਾਂ ਫਲੂ ਵਿਰੁੱਧ ਦੱਸੀ ਦਵਾਈ ਨਾਲ ਠੀਕ ਹੋ ਜਾਣਾ ਚਾਹੀਦਾ ਹੈ। |
| **ਬਲੱਡ ਪ੍ਰੈਸ਼ਰ ਵਧਣਾ** | ਤੁਹਾਡੇ ਖ਼ੂਨ ਵਿਚ ਲਾਲ ਕਣਾਂ ਦੀ ਮਾਤਰਾ ਪਤਾ ਕਰਨ ਲਈ ਤੁਹਾਡੇ ਖ਼ੂਨ ਤੇ ਰੈਗੁਲਰ ਕੰਮ ਕੀਤਾ ਜਾਏਗਾ।<br>ਇਹ ਬੜਾ ਮਹੱਤਵਪੂਰਨ ਹੈ ਕਿ ਤੁਹਾਨੂੰ ਬਹੁਤ ਜ਼ਿਆਦਾ ਈਪੀਓ ਨਾ ਮਿਲੇ ਕਿਉਂਕਿ ਇਸ ਦੀ ਜ਼ਿਆਦਾ ਵਰਤੋਂ ਨਾਲ ਤੁਹਾਡਾ ਬਲੱਡ ਪ੍ਰੈਸ਼ਰ ਵਧ ਸਕਦਾ ਹੈ। |
| **ਸਿਰ ਦਰਦ, ਫਲੂ ਵਰਗੇ ਲੱਛਣ** | ਤੁਹਾਡੇ ਡਾਕਟਰ ਵੱਲੋਂ ਦਸੀ ਕਾਊਂਟਰ ਤੇ ਮਿਲਣ ਵਾਲੀ ਦਰਦ ਨਿਵਾਰਕ ਦਵਾਈ ਨਾਲ ਠੀਕ ਹੋ ਜਾਣਾ ਚਾਹੀਦਾ ਹੈ। |